# ਪਰਵਾਰਾਂ ਵਾਸਤੇ ਜਾਣਕਾਰੀ - Punjabi

**ਪ੍ਰਧਾਨ-ਮੰਤਰੀ ਦੇ ਪੜ੍ਹਨ ਦਾ ਲਲਕਾਰਾ ਕੀ ਹੈ ?**

ਪ੍ਰਧਾਨ-ਮੰਤਰੀ ਦੇ ਪੜ੍ਹਨ ਦਾ ਲਲਕਾਰਾ ਇਕ ਅਖਰਾਂ ਦੇ ਗਿਆਨ ਦੀ ਪ੍ਰਾਪਤੀ ਕਰਨ ਦੀ ਵਿਉਂਤ ਹੈ ਜ਼ੁ ੨੦੦੪ ਵਿਚ ਸ਼ੁਰੂ ਕੀਤੀ ਸੀ ਤਾਂ ਜ਼ੁ:

- ਵਿਦਿਆਰਥੀਆਂ ਨੂੰ ਕਿਤਾਬਾਂ ਪੜ੍ਹਨ ਦੇ ਉਤਸ਼ਾਹ ਦੇਣ ਨਾਲ ਉਨ੍ਹਾ ਨੂੰ ਕਿਤਾਬਾਂ ਪੜ੍ਹਨ ਦੀ ਦਿਲਚਸਪੀ ਪ੍ਰਾਪਤ ਹੋਵੇ ।
- ਉਨ੍ਹਾ ਦੇ ਅੱਖਰਾਂ ਦੇ ਗਿਆਨ ਦੀ ਉੱਨਤੀ ਹੋਵੇ ।

ਇਸ ਲਲਕਾਰੇ ਨੂੰ ਪ੍ਰਵਾਨ ਕਰਨ ਵਾਸਤੇ ਵਿਦਿਆਰਥੀਆਂ ਨੂੰ ਸਕੂਲ ਦੇ ਸਾਲ ਸ਼ੁਰੂ ਤੋਂ ਲੈ ਕੇ ਸਪਤੰਬਰ ਤੱਕ ੧੨ ਕਿਤਾਬਾਂ ਪੜ੍ਹਨ ਦੀ ਲੋੜ ਹੈ ।

**ਤੁਸੀਂ ਇਸ ਲਲਕਾਰ ਬਾਰੇ ਕਿਸ ਤਰਾਂ ਪਤਾ ਕਰ ਸਕਦੇ ਹੋ ?**

ਪ੍ਰਧਾਨ ਮੰਤਰੀ ਦੇ ਪੜ੍ਹਨ ਦੇ ਲਲਕਾਰੇ ਦੀ ਵੈਬਸਾਈਟ ਤੇ Parents and Families page, ਮਾਪਿਆਂ ਤੇ ਪਰਵਾਰਾਂ ਦਾ ਸਫਾ ਦੇਖੋ:

http://www.premiersreadingchallenge.sa.edu.au/prc/pages/parents/families/

ਸੰਪਰਕ ਕਰੋ: DECD Community Liaison Officers Telephone: 8226 2756.

ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ ।

**ਵਿਦਿਆਰਥੀ ਕਿਹੜੀਆਂ ਕਿਤਾਬਾਂ ਪੜ੍ਹ ਸਕਦੇ ਹਨ ?**

ਵਿਦਿਆਰਥੀ ਪ੍ਰਧਾਨ ਮੰਤਰੀ ਦੀ ਕਿਤਾਬਾਂ ਦੀ ਸੂਚੀ ਵਿਚੋਂ ਜਾਂ ਆਪਣੇ ਪਸੰਦ ਦੀਆਂ ਕਿਤਾਬਾਂ ਪੜ੍ਹ ਸਕਦੇ ਹਨ । ਕਿਤਾਬਾਂ ਦੀ ਸੂਚੀ ਪ੍ਰਧਾਨ ਮੰਤਰੀ ਦੇ ਪੜ੍ਹਨ ਦੇ ਲਲਕਾਰੇ ਦੀ ਵੈਬਸਾਈਟ ਤੇ ਦਿੱਤੀ ਗਈ ਹੈ । ਵਿਦਿਆਰਥੀ ਅੰਗਰੇਜੀ ਤੋਂ ਇਲਾਵਾ ਹੋਰ ਭਾਸ਼ਾਂ ਦੀਆਂ ਕਿਤਾਬਾ ਵੀ ਪੜ੍ਹ ਸਕਦੇ ਹਨ ।

- ਪਹਿਲੀ ਤੋਂ ਸਤਵੀਂ ਜਮਾਤ ਤੱਕ ਵਿਦਿਆਰਥੀ ਪ੍ਰਧਾਨ ਮੰਤਰੀ ਦੀ ਸੂਚੀ ਵਿਚੋਂ ੮ ਤੇ ਆਪਣੀ ਪਸੰਦ ਦੀਆਂ ੪ ਕਿਤਾਬਾਂ ਚੁਣ ਸਕਦੇ ਹਨ ।
- ਅਠਵੀਂ ਤੋ ਨੌਵੀਂ ਜਮਾਤ ਤੱਕ ਪ੍ਰਧਾਨ ਮੰਤਰੀ ਦੀ ਸੂਚੀ ਵਿਚੋਂ ਘੱਟ ਤੋਂ ਘੱਟ ੪ ਤੇ ਆਪਣੀ ਪਸੰਦ ਦੀਆਂ ੮ ਕਿਤਾਬਾਂ ਚੁਣ ਸਕਦੇ ਹਨ ।
- ਦਸਵੀਂ, ਗਿਆਰਵੀਂ, ਤੇ ਬਾਰਵੀਂ ਜਮਾਤ ਵਿਚ ਵਿਦਿਆਰਥੀ ਆਪਣੀ ਪਸੰਦ ਦੀਆਂ ੧੨ ਕਿਤਾਬਾਂ ਚੁਣ ਸਕਦੇ ਹਨ ।

**ਕਿਤਾਬਾਂ ਕਿੱਥੋਂ ਮਿਲ ਸਕਦੀਆਂ ਹਨ ?**

ਕਿਤਾਬਾਂ ਸਕੂਲਾਂ, ਜਨਤਕ ਪੁਸਤਕਾਲਾਂ, ਕਿਤਾਬਾ ਦੀਆਂ ਦੁਕਾਨਾ, ਤੇ ਕੰਪਯੂਟਰ ਤੇ ਕਿਤਾਬਾਂ ਦੀਆਂ ਸਾਈਟਾਂ ਤੋਂ ਮਿਲ ਸਕਦੀਆਂ ਹਨ ।

.

**ਪ੍ਰਧਾਨ-ਮੰਤਰੀ ਦੇ ਪੜ੍ਹਨ ਦੇ ਲਲਕਾਰੇ ਨੂੰ ਮੁਕੰਮਲ ਕਰਨ ਦੇ ਕੀ ਇਨਾਮ ਹਨ ?**

ਸਨਦ – ਪਹਿਲਾ ਸਾਲ
ਕੈਂਹ ਦਾ ਤਗਮਾ – ਦੂਜਾ ਸਾਲ
ਚਾਂਦੀ ਦਾ ਤਗਮਾ - ਤੀਜਾ ਸਾਲ
ਸੋਨੇ ਦਾ ਤਗਮਾ – ਚੌਥਾ ਸਾਲ
ਚੈਂਪੀਅਨ ਤਗਮਾ – ਪੰਜਵਾਂ ਸਾਲ
Legend ਲੈਜੰਡ ਤਗਮਾ– ਛੇਵਾਂ ਸਾਲ
Hall of Fame ਤਗਮਾ – ਸਤਵਾਂ ਸਾਲ
ਜੀਵਨ-ਭਰ ਪੜ੍ਹਨ (R4L) ਦੇ ਸਨਦ
R4L - ਅਠਵਾਂ ਸਾਲ
R4L ਕੈਂਹ – ਨੌਵਾਂ ਸਾਲ
R4L ਚਾਂਦੀ – ਦਸਵਾਂ ਸਾਲ
R4L ਸੋਨਾ – ਗਿਆਰਵਾਂ ਸਾਲ
R4L ਚੈਂਪੀਅਨ – ਬਾਰਵਾਂ ਸਾਲ
R4L legend ਲੈਜੰਡ - ਤੇਰਵਾਂ ਸਾਲ
R4L hall of fame - ਚੌਦਵਾਂ ਸਾਲ

**ਪ੍ਰਧਾਨ ਮੰਤਰੀ ਪੜ੍ਹਨ ਦੇ ਲਲਕਾਰੇ ਦੇ ਸਿਫਾਰਸ਼ੀ ਕੌਣ ਹਨ ?**

੧੯ ਉੱਚ-ਪਦਵੀ ਦੇ ਦੱਖਣੀ ਔਸਟਰੇਲੀਆ ਦੇ ਵਿਅਕਤੀ ਤੇ ੬ ਖਿਡਾਰੀਆਂ ਦੀਆਂ ਟੀਮਾਂ ਪ੍ਰਧਾਨ ਮੰਤਰੀ ਦੇ ਪੜ੍ਹਨ ਦੇ ਲਲਕਾਰੇ ਦੇ ਸਿਫਾਰਸ਼ੀ ਹਨ । ਇਹ ਹਨ ਐਡਲੇਡ ਯੁਨਾਈਟਡ ਫੁੱਟਬਾਲ ਕਲੱਬ, ਐਡਲੇਡ ਲਾਈਟਨਿੰਗ, ਪੌਰਟ ਐਡਲੇਡ ਫੁੱਟਬਾਲ ਕਲੱਬ, ਥੰਡਰਬਰਡਸ ਨੈਟਬਾਲ ਕਲੱਬ,, ਐਡਲੇਡ ਫੁਟਬਾਲ ਕਲੱਬ, ਅਤੇ ਸਕੌਪੀਅਨਸ ਔਰਤਾਂ ਦੀ ਕਰਿੱਕਟ ਕਲੱਬ ।

**ਪ੍ਰਧਾਨ ਮੰਤਰੀ ਪੜ੍ਹਨ ਦੇ ਲਲਕਾਰੇ ਵਿਚ ਕਿੱਨੇ ਵਿਦਿਆਰਥੀ ਹਿੱਸਾ ਲੈ ਰਹੇ ਹਨ ?**

ਹਰ ਸਾਲ ੯੫% ਦੱਖਣੀ ਔਸਟਰੇਲੀਆ ਦੇ ਸਕੂਲਾਂ ਵਿਚੋਂ ੧੨੦,੦੦੦ ਤੋਂ ਜਿਆਦਾ ਵਿਦਿਆਰਥੀ ਪ੍ਰਧਾਨ ਮੰਤਰੀ ਦੇ ਪੜ੍ਹਨ ਦੇ ਲਲਕਾਰੇ ਵਿਚ ਹਿੱਸਾ ਲੈਂਦੇ ਹਨ । ਬਹੁਤ ਸਾਰੇ ਵਿਦਿਆਰਥੀ ੧੨ ਤੋਂ ਜਿਆਦਾ ਕਿਤਾਬਾਂ ਪੜ੍ਹਦੇ ਹਨ ।

**ਇਸ ਲਲਕਾਰੇ ਵਿਚ ਹਿੱਸਾ ਲੈਣ ਦੇ ਕੀ ਫਾਇਦੇ ਹਨ ?**

- ਵਿਦਿਆਰਥੀਆਂ ਨੂੰ ਪੜ੍ਹਨ ਦੀ ਪ੍ਰੇਰਨਾ ਤੇ ਪੜ੍ਹਨ ਦਾ ਅਨੰਦ ਮਾਣਨਾ ।
- ਵਿਦਿਆਰਥੀਆਂ ਦੀ ਪੜ੍ਹਨ ਵਿਚ ਰੁਚੀ ਲਾਉਣੀ ।
- ਵਿਦਿਆਰਥੀਆਂ ਨੂੰ ਸਫਲਤਾ ਦੀ ਭਾਵਨਾ ਦੇਣੀ ।
- ਮਾਪਿਆਂ ਦਾ ਬੱਚਿਆਂ ਦੇ ਪੜ੍ਹਨ ਵਿਚ ਹਿੱਸਾ ਲੈਣਾ ।
- ਪੁਸਤਕਾਲਾਂ ਤੋਂ ਹੋਰ ਕਿਤਾਬਾਂ ਲਿਔਣੀਆਂ ।
- ਅੱਖਰੀ ਗਿਆਨ ਵਿਚ ਉੱਨਤੀ ।